ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026

ISSN: 2583-9446 (O)
Paper Published Id: ARMN040107
Available online at: www.armaan.org.in
DOI: https://doi.org/10.64119/armaan.vol.4.issue1.07

# ਮਨਜੀਤ ਟਿਵਾਣਾ ਕਾਵਿ ਵਿਚ ਨਾਰੀ ਚੇਤਨਾ

# Manjeet Tiwana Kaavi Vich Nari Chetna

**ਡਾ. ਬੇਅੰਤ ਸਿੰਘ ਸਰਾਂ (Dr. Beant Singh Sran)**
ਸਹਾਇਕ ਪ੍ਰੋਫੈਸਰ, ਪੰਜਾਬੀ (Assistant Professor, Punjabi)
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ (ਪੰਜਾਬ)
Email ID: beantsinghsran89@gmail.com ਮੋਬਾਈਲ: +91-94648-74570

**ਸਾਰ (Abstract)**

*ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਮਨਜੀਤ ਟਿਵਾਣਾ ਦਾ ਵਿਸ਼ੇਸ਼ ਸਥਾਨ ਹੈ। ਉਸ ਦੇ ਕਾਵਿ ਸੰਗ੍ਰਹਿ ਇਲਹਾਮ, ਇਲਜ਼ਾਮ, ਉਨੀਂਦਾ ਵਰਤਮਾਨ, ਦਰਗਾਹ, ਤਾਰਿਆਂ ਦੀ ਜੋਤ ਅਤੇ ਅੱਗ ਦੇ ਮੋਤੀ ਹਨ। ਵੀਹਵੀਂ ਸਦੀ ਦੇ ਅਖੀਰਲੇ ਲਗਭਗ ਢਾਈ ਦਹਾਕੇ ਟਿਵਾਣਾ ਦਾ ਕਾਵਿ ਰਚਨਾ ਕਾਲ ਹੈ। ਜਦੋਂ ਮਨਜੀਤ ਟਿਵਾਣਾ ਨੇ ਲਿਖਣਾ ਸ਼ੁਰੂ ਕੀਤਾ ਉਸ ਸਮੇਂ ਅੰਮ੍ਰਿਤਾ ਪ੍ਰੀਤਮ, ਸ਼ਰਨ ਮੱਕੜ, ਪ੍ਰਭਜੋਤ ਕੌਰ, ਸ਼ਸ਼ੀ ਸਮੁੰਦਰਾਂ, ਨਿਰੂਪਮਾ ਦੱਤ ਸਮਕਾਲੀ ਕਵਿੱਤਰੀਆਂ ਔਰਤ ਮਸਲਿਆਂ ਬਾਰੇ ਲਿਖ ਰਹੀਆਂ ਸਨ। ਟਿਵਾਣਾ ਦੀ ਕਵਿਤਾ ਵਿੱਚ ਨਾਰੀ ਦਾ ਅਕਸ ਇੱਕ ਅਜਿਹੇ ਵਿਅਕਤੀਤਵ ਵਜੋਂ ਉੱਭਰਦਾ ਹੈ ਜੋ ਮੌਜੂਦਾ ਸਮਾਜਕ ਸਿਸਟਮ ਅਤੇ ਪਿੱਤਰਕੀ ਪ੍ਰਬੰਧ ਦੀਆਂ ਜਕੜਾਂ ਨੂੰ ਤਾਂ ਪਛਾਣਦਾ ਹੈ ਪਰ ਉਨ੍ਹਾਂ ਦੇ ਰੂੜ੍ਹ ਨਿਯਮਾਂ ਅੱਗੇ ਸਮਰਪਿਤ ਨਹੀਂ ਹੁੰਦਾ। ਟਿਵਾਣਾ ਕਈ ਸਥਾਨਾਂ 'ਤੇ ਨਾਰੀ-ਪੁਰਸ਼ ਸਬੰਧਾਂ ਵਿੱਚ ਮਿਲਾਪ ਦੀ ਕਮੀ ਜਾਂ ਅਨੁਸਾਰਤਾ ਦੇ ਟੁੱਟਣ ਨੂੰ ਜੀਵੰਤ ਚਿਤ੍ਰਿਤ ਕਰਦੀ ਹੈ ਪਰ ਇਹ ਟੁੱਟਣ ਸਿਰਫ਼ ਨਿਰਾਸ਼ਾ ਦਾ ਸੂਚਕ ਨਹੀਂ, ਇਹ ਨਵੀਂ ਚੇਤਨਾ, ਸਵੈ-ਅਧਿਕਾਰਤਾ ਅਤੇ ਵਿਦਰੋਹੀ ਜਾਗਰੂਕਤਾ ਦਾ ਸੰਕੇਤ ਹੈ। ਟਿਵਾਣਾ ਦੀ ਕਵਿਤਾ ਵਿੱਚ ਭਵਿੱਖਮੁਖੀ ਆਸ਼ਾਵਾਦ ਦੀ ਜੋ ਧੁਨੀ ਉੱਭਰਦੀ ਹੈ ਉਹ ਨਾਰੀ ਦੇ ਹੱਕਾਂ ਅਤੇ ਨਿੱਜੀ ਸਵੈ-ਪਛਾਣ ਦੇ ਸੰਘਰਸ਼ ਨੂੰ ਇੱਕ ਨਵੀਂ ਦਿਸ਼ਾ ਵੱਲ ਮੋੜਦੀ ਹੈ। ਨਾਰੀ ਨੂੰ ਪੁਰਸ਼ ਦੇ ਬਰਾਬਰ ਖੜ੍ਹਾ ਦੇਖਣ ਦੀ ਉਸ ਦੀ ਇੱਛਾ ਕੇਵਲ ਸਮਾਜਕ ਬਰਾਬਰੀ ਦਾ ਨਾਅਰਾ ਨਹੀਂ ਸਗੋਂ ਬਦਲਦੇ ਜੀਵਨ-ਸਰੂਪ ਦੀ ਪੜਤਾਲ ਹੈ। ਇਹ ਅਕਾਂਖਿਆ ਟਿਵਾਣਾ ਦੀ ਲਿਖਤ ਵਿੱਚ ਸਵੈ-ਚੇਤਨਾ ਦੇ ਉੱਚੇ ਪੱਧਰ ਦੀ ਪੈਦਾ ਹੋ ਰਹੀ ਕਾਵਿ-ਚੇਤਨਾ ਨਾਲ ਜੁੜਦੀ ਹੈ, ਜੋ ਨਾਰੀ ਨੂੰ ਆਪਣੇ ਹੱਕਾਂ, ਸਵੈ-ਮੁੱਲ ਅਤੇ ਅਸਤਿਤਵ ਦੀ ਸੰਰਚਨਾ ਪ੍ਰਤੀ ਜਾਗਰੂਕ ਬਣਾਉਂਦੀ ਹੈ।*

*ਕੀਵਰਡ (Keyword): ਨਾਰੀ ਦੁਖਾਂਤ, ਪਿੱਤਰਕੀ ਪ੍ਰਬੰਧ, ਸਮਾਜਕ ਆਰਥਕ ਅਤੇ ਮਾਨਸਿਕ ਤ੍ਰਾਸਦੀ, ਬਾਜ਼ਾਰੀਕਰਨ, ਆਧੁਨਿਕਤਾ, ਨਾਰੀ ਚੇਤਨਾ।*

ਆਧੁਨਿਕ ਪੰਜਾਬੀ ਕਾਵਿ ਖੇਤਰ ਵਿੱਚ ਮਨਜੀਤ ਟਿਵਾਣਾ ਦਾ ਵਿਸ਼ੇਸ਼ ਸਥਾਨ ਹੈ। ਟਿਵਾਣਾ ਦਾ ਕਾਵਿ ਨਾਰੀ-ਚੇਤਨਾ ਦੇ ਵੱਖ-ਵੱਖ ਪੱਖਾਂ ਅਤੇ ਸੰਘਰਸ਼ਾਂ ਦੀ ਗਹਿਰਾਈ ਨਾਲ ਪੜਚੋਲ ਕਰਦੀ ਹੈ। ਉਹ ਨਾਰੀ ਦੀ ਮਾਨਸਿਕਤਾ, ਅਨੁਭਵ-ਜਗਤ ਅਤੇ ਦੁਖਾਂਤਕ ਸਚਾਈਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਘਾੜਦੀ ਹੈ। ਸਮਾਜਕ, ਆਰਥਕ ਅਤੇ ਮਾਨਸਿਕ ਪੱਧਰਾਂ 'ਤੇ ਨਾਰੀ ਵੱਲੋਂ ਭੋਗੀਆਂ ਜਾਣ ਵਾਲੀਆਂ ਵਧੀਕੀਆਂ ਅਤੇ ਸੰਰਚਨਾਤਮਿਕ ਬੇਇਨਸਾਫ਼ੀਆਂ ਦੇ ਪ੍ਰਤੀ ਉਹ ਸਪਸ਼ਟ ਅਪ੍ਰਵਾਨਗੀ ਦਾ ਪ੍ਰਗਟਾਵਾ ਕਰਦੀ ਹੈ। ਟਿਵਾਣਾ ਦੀ ਪਹਿਲੀ ਕਾਵਿ ਰਚਨਾ ਨਾਗਮਣੀ ਰਸਾਲੇ ਵਿਚ ਪ੍ਰਕਾਸ਼ਿਤ ਹੋਈ। ਉਸ ਤੋਂ ਬਾਅਦ ਟਿਵਾਣਾ ਨੇ ਇਲਹਾਮ, ਇਲਜ਼ਾਮ, ਉਨੀਂਦਾ ਵਰਤਮਾਨ, ਦਰਗਾਹ, ਤਾਰਿਆਂ ਦੀ ਜੋਤ ਅਤੇ ਅੱਗ ਦੇ ਮੋਤੀ ਕਾਵਿ ਸੰਗ੍ਰਹਿ ਪੰਜਾਬੀ ਪਾਠਕਾਂ ਦੇ ਸਨਮੁਖ ਕੀਤੇ ਹਨ।

ਮਨਜੀਤ ਟਿਵਾਣਾ ਦੀ ਕਵਿਤਾ ਵਿੱਚ ਨਾਰੀ ਇੱਕ ਚੇਤਨ ਸੱਤਾ ਦੇ ਰੂਪ ਵਿੱਚ ਉੱਭਰਦੀ ਹੈ ਜੋ ਆਪਣੇ ਅਧਿਕਾਰਾਂ, ਆਜ਼ਾਦੀ ਅਤੇ ਸਵੈ-ਮਾਨ ਲਈ ਲਗਾਤਾਰ ਸੰਘਰਸ਼ ਕਰਦੀ ਦਿਖਾਈ ਦਿੰਦੀ ਹੈ। ਸਾਡੇ ਸਮਾਜ ਵਿੱਚ ਚਾਹੇ ਪ੍ਰੇਮ-ਸਬੰਧਾਂ ਦੇ ਸੰਦਰਭ ਹੋਣ ਜਾਂ ਜਾਗੀਰੂ ਮਨੋਵਿਰਤੀਆਂ ਵਾਲੇ ਪਤੀ-ਪਤਨੀ ਸਬੰਧ, ਨਾਰੀ ਅਜੇ ਵੀ ਮਰਦ-ਕੇਂਦਰਿਤ ਸਮਾਜਕ ਢਾਂਚੇ ਵਿੱਚ ਵੱਖ-ਵੱਖ ਤਰ੍ਹਾਂ ਦੇ ਸੰਤਾਪਾਂ ਦਾ ਸਾਹਮਣਾ ਕਰਨ ਲਈ ਮਜਬੂਰ ਦਿਖਾਈ ਦਿੰਦੀ ਹੈ। ਟਿਵਾਣਾ ਇਨ੍ਹਾਂ ਪੁਰਸ਼-ਪ੍ਰਧਾਨ ਸਮਾਜ ਅਤੇ ਜਗੀਰੂ ਕਦਰਾਂ-ਕੀਮਤਾਂ ਦੀ ਨਿਖੇਧੀ ਕਰਦੀ ਹੋਏ ਵੱਖ-ਵੱਖ ਬਿੰਬਾਂ, ਪ੍ਰਤੀਕਾਂ ਅਤੇ ਵਿਅੰਗਮਈ ਚੋਟਾਂ ਦੀ ਮਦਦ ਨਾਲ ਕਾਵਿ ਰਚਨਾ ਰਾਹੀਂ ਔਰਤ ਨੂੰ ਤਿੱਖੀ ਸਮਾਜਕ ਸੂਝ ਪ੍ਰਦਾਨ ਕਰਦੀ ਹੈ।

ਭਾਰਤੀ ਸਮਾਜ ਵਿੱਚ ਪ੍ਰਚਲਿਤ ਪਤੀ-ਪਤਨੀ ਸਬੰਧ ਦੀ ਵਿਆਹ ਪ੍ਰਥਾ ਦਿਖਾਵੇ ਦੇ ਤੌਰ 'ਤੇ ਪਰਸਪਰ ਸਹਿਯੋਗ ਅਤੇ ਜੀਵਨ-ਸਾਥ ਦੇ ਵਚਨਾਂ 'ਤੇ ਅਧਾਰਿਤ ਮੰਨੀ ਜਾਂਦੀ ਹੈ ਪਰ ਅਸਲ ਵਿਚ ਇਹ ਵਿਆਹ ਪ੍ਰਥਾ ਪੁਰਸ਼ ਨੂੰ ਔਰਤ ਉਪਰ ਮਾਲਕਾਨਾ ਹੱਕ ਪ੍ਰਦਾਨ ਕਰਨ ਦੇ ਢਾਂਚੇ ਵਜੋਂ ਕੰਮ ਕਰਦੀ ਹੈ। ਮਨਜੀਤ ਟਿਵਾਣਾ ਦੀ ਕਾਵਿ ਰਚਨਾ ਵਿੱਚ ਇਸ ਵਿਆਹ ਪ੍ਰਥਾ ਅਤੇ 'ਪਤੀ' ਦੇ ਬਿੰਬ ਵਿਰੁੱਧ ਇੱਕ ਸਪਸ਼ਟ ਵਿਰੋਧ ਦਿਖਾਈ ਦਿੰਦਾ ਹੈ। ਟਿਵਾਣਾ ਸਿਰਫ਼ ਪੁਰਸ਼ ਜਾਂ ਪਤੀ ਦੇ ਵਿਅਕਤੀਗਤ ਰੂਪ ਦੀ ਨਿੰਦਾ ਨਹੀਂ ਕਰਦੀ ਬਲਕਿ ਉਹ ਭਾਰਤੀ ਪਿੱਤਰਕੀ ਸਮਾਜ ਵੱਲੋਂ ਸਦੀਆਂ ਤੋਂ ਔਰਤ ਉਪਰ ਲਾਗੂ ਕੀਤੀ ਗਈ ਪਤੀ-ਕੇਂਦਰਿਤ ਗ਼ੁਲਾਮੀ ਪ੍ਰਥਾ ਦੀ ਵੀ ਨਿਖੇਧੀ ਕਰਦੀ ਹੈ। ਉਹ ਵਿਆਹ ਪ੍ਰਥਾ ਨੂੰ ਇਕ ਅਜਿਹੀ ਪ੍ਰਥਾ ਮੰਨਦੀ ਹੈ ਜਿਸ ਨੇ ਔਰਤ ਦੀ ਸਥਿਤੀ ਨੂੰ ਕੇਵਲ ਦਾਸੀ ਜਾਂ ਔਲਾਦ ਪੈਦਾ ਕਰਨ ਦੇ ਸਾਧਨ ਤੱਕ ਸੀਮਤ ਕਰ ਦਿੱਤਾ ਹੈ। ਟਿਵਾਣਾ ਦੇ ਅਨੁਸਾਰ ਔਰਤ ਦੀ ਮੌਜੂਦਾ ਅਧੀਨਤਾ ਲਈ ਪਤੀ ਕੇਂਦਰੀ ਤੌਰ 'ਤੇ ਜ਼ਿੰਮੇਵਾਰ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਔਰਤ ਸਦਾ ਪਤੀ ਦੀ ਅਧੀਨਤਾ ਵਿੱਚ ਜੀਵਨ ਬਿਤਾਉਂਦੀ ਹੈ ਅਤੇ ਅਕਸਰ ਉਸ

©ਅਰਮਾਨ (ARMAAN)
Received: 30 Jan. 2026 Accepted: 28 Feb. 2026 Published: 05 March 2026

ਦੀ ਹਵਸ ਦੀ ਸ਼ਿਕਾਰ ਬਣਦੀ ਹੈ। ਟਿਵਾਣਾ ਪਤੀ ਦੀ ਜੋ ਰੂਪਕ ਤਸਵੀਰ ਉਜਾਗਰ ਕਰਦੀ ਹੈ ਉਹ ਪੂਰੇ ਪੁਰਸ਼-ਪ੍ਰਧਾਨ, ਜਗੀਰੂ ਸਮਾਜਕ ਢਾਂਚੇ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਢਾਂਚਾ ਔਰਤ ਦੀਆਂ ਭਾਵਨਾਵਾਂ, ਇੱਛਾਵਾਂ ਅਤੇ ਅਸਤਿਤਵ ਨੂੰ ਨਿਰੰਤਰ ਕੁਚਲਦਾ ਰਿਹਾ ਹੈ। ਉੱਨੀ ਸੌ ਅੱਸੀ- ਨੱਬੇ ਦੇ ਦਹਾਕੇ ਵਿਚ ਨਾਰੀਵਾਦ ਆਪਣੇ ਜ਼ੋਰਾਂ ਉਪਰ ਸੀ ਇਸ ਦਾ ਪ੍ਰਭਾਵ ਮਨਜੀਤ ਟਿਵਾਣਾ ਵੀ ਕਬੂਲਦੀ ਹੈ।

*"ਮਨਜੀਤ ਟਿਵਾਣਾ ਅਤੇ ਉਸ ਦੇ ਕੁਝ ਹੋਰ ਸਮਕਾਲੀ ਇਸਤਰੀ ਕਵੀਆਂ ਦੀਆਂ ਬਹੁਤੀਆਂ ਕਵਿਤਾਵਾਂ ਜ਼ਿਕਰਯੋਗ ਹਨ। ਇਹ ਕਵਿਤਾਵਾਂ ਬਾਗ਼ੀ ਸੋਚ ਦੀ ਉੱਚੀ ਆਵਾਜ਼ ਵਿਚ ਸੁਣਨ ਯੋਗ ਅਭਿਵਿਅਕਤੀ ਹਨ। ਅੱਸੀਵੇਂ ਤੇ ਨੱਬੇਵੇਂ ਦਹਾਕੇ ਵਿਚ ਰਚੀ ਗਈ ਇਹ ਕਵਿਤਾ ਪੁਰਸ਼-ਪ੍ਰਧਾਨ ਸਮਾਜਕ ਪ੍ਰਬੰਧ ਤੋਂ ਵਿਦਰੋਹ ਕਰਨ ਅਤੇ ਉਸ ਨੂੰ ਇਸਤਰੀ ਦੇ ਹੱਕ ਵਿਚ ਬਦਲਣ ਲਈ ਯਤਨਸ਼ੀਲ ਹੋਣ ਦੀ ਬਜਾਏ ਪੁਰਸ਼-ਵਰਗ ਨਾਲ ਹੀ ਹਰ ਤਰ੍ਹਾਂ ਦਾ ਰਿਸ਼ਤਾ ਤੋੜ ਲੈਣ ਅਤੇ ਉਸ ਦੀ ਲੋੜ ਤੋਂ ਇਨਕਾਰੀ ਹੋ ਕੇ, ਇਕੱਲੇ ਸੁਤੰਤਰ ਤੇ ਸ੍ਵੈ-ਨਿਰਭਰ ਜੀਵਨ ਜਿਊਣ ਵਾਲੀ ਸੋਚ ਦਾ ਸਮਰਥਨ ਕਰਦੀ ਹੈ।"* [1]

ਇਸ ਪ੍ਰਸੰਗ ਵਿੱਚ ਟਿਵਾਣਾ ਦੀ ਕਵਿਤਾ 'ਪਤੀ' ਵਿਸ਼ੇਸ਼ ਤੌਰ 'ਤੇ ਦੇਖੀ ਜਾ ਸਕਦੀ ਹੈ। ਇਸ ਕਵਿਤਾ ਵਿੱਚ ਕਵਿੱਤਰੀ ਪਤੀ ਦੀ ਤੁਲਨਾ ਇੱਕ ਭੇੜੀਏ ਨਾਲ ਕਰਦੀ ਹੈ। ਇੱਕ ਅਜਿਹੇ ਰੂਪ ਦੇ ਰੂਪਕ ਰਾਹੀਂ ਜੋ ਕੇਵਲ ਮਾਸ ਅਤੇ ਕਾਮ ਦੀ ਭੁੱਖ ਰੱਖਦਾ ਹੈ ਅਤੇ ਔਰਤ ਨੂੰ ਸਿਰਫ਼ ਆਪਣੀ ਕਾਮ-ਤ੍ਰਿਪਤੀ ਦਾ ਸਾਧਨ ਸਮਝ ਕੇ ਵਰਤਦਾ ਹੈ। ਇਸ ਰੂਪਕ ਦੇ ਜ਼ਰੀਏ ਟਿਵਾਣਾ ਪਤੀ ਨੂੰ ਪੁਰਸ਼-ਪ੍ਰਧਾਨਤਾ ਦੇ ਕੇਂਦਰੀ ਪ੍ਰਤੀਕ ਵਜੋਂ ਸਥਾਪਿਤ ਕਰਦੀ ਹੈ ਜੋ ਔਰਤ ਦੇ ਅਸਤਿਤਵ ਅਤੇ ਮਨੁੱਖੀ ਮਰਿਆਦਾ ਦਾ ਨਿਰੰਤਰ ਗ਼ਲਤਾਨ ਕਰਦਾ ਹੈ :

*ਪਤੀ ਇੱਕ ਭੁੱਖਾ ਭੇੜੀਆ ਹੈ*
*ਜੋ ਤੁਹਾਨੂੰ ਹੋਰ ਭੇੜੀਆਂ ਤੋਂ ਤਾਂ*
*ਬਚਾ ਲੈਂਦਾ ਹੈ*
*ਪਰ ਆਪ ......*
*ਪਹਿਲੋਂ ਤੁਹਾਨੂੰ ਆਪਣੀ ਜਵਾੜੇ 'ਚ ਟਿਕਾ ਕੇ ਦਸਦਾ ਹੈ*
*'ਦੇਖ ਤੂੰ ਕਿੰਨੀ ਸੁਰੱਖਿਅਤ ਹੈਂ*
*ਮੈਂ ਤੈਨੂੰ ਖਾਂਦਾ ਤਾਂ ਨਹੀਂ'* [2]

ਮਨਜੀਤ ਟਿਵਾਣਾ ਆਪਣੀ ਕਾਵਿ ਰਚਨਾ ਰਾਹੀਂ ਨਾਰੀ ਅਸਤਿਤਵ ਨਾਲ ਸੰਬੰਧਿਤ ਵੱਖ-ਵੱਖ ਸੰਤਾਪਾਂ, ਸਾਂਸਕ੍ਰਿਤਿਕ ਦਬਾਵਾਂ ਅਤੇ ਸਮਾਜਕ ਵਿਸੰਗਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਘਾੜਦੀ ਹੈ। ਉਸ ਦੀ ਕਵਿਤਾ ਸਿਰਫ਼ ਪਿਆਰ ਅਤੇ ਰੁਮਾਂਸ ਦੀ ਭਾਵਨਾ ਤੱਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਉਸ ਦੀਆਂ ਨਜ਼ਮਾਂ ਵਿੱਚੋਂ ਨਾਰੀ ਦੇ ਬਹੁ-ਆਯਾਮੀ ਬਿੰਬ ਦਾ ਪ੍ਰਗਟਾਵਾ ਸਾਹਮਣੇ ਆਉਂਦਾ ਹੈ। ਟਿਵਾਣਾ ਸੰਕੀਰਨ ਅਤੇ ਪੁਰਾਤਨ ਰੀਤੀ-ਰਿਵਾਜ਼ਾਂ ਦੀ ਗਹਿਰੀ ਸਮਝ ਰੱਖਦੀ ਹੈ ਅਤੇ ਇਨ੍ਹਾਂ ਪ੍ਰਤੀ ਉਸ ਦੀ ਸੁਰ ਵਿੱਚ ਤਿੱਖੇ ਵਿਰੋਧ ਦਾ ਤੱਤ ਮਿਲਦਾ ਹੈ।

ਸ਼ੀਸ਼ੇ ਦੇ ਸ਼ੋਅ ਕੇਸ ਵਿੱਚ ਬੰਦ ਨਾਰੀ ਦਾ ਬਿੰਬ ਉਸ ਦੀ ਰਚਨਾ ਵਿੱਚ ਆਜ਼ਾਦੀ ਦੀ ਤੜਪ ਅਤੇ ਘੁੱਟਦੇ ਜੀਵਨ ਦੀ ਚਿਹਨਮਈ ਨੁਮਾਇੰਦਗੀ ਵਜੋਂ ਉੱਭਰਦਾ ਹੈ। ਇੱਥੇ ਕੁੜੀ ਅਤੇ ਮੁੰਡੇ ਦਾ ਰੂਪਕ ਨਾਰੀ-ਪੁਰਸ਼ ਸਬੰਧ ਦੇ ਅਸਮਾਨ ਤਾਕਤ ਢਾਂਚੇ ਨੂੰ ਬੇਨਕਾਬ ਕਰਦਾ ਹੈ ਜਿੱਥੇ ਨਾਰੀ ਸਵੈ ਅਸੀਮਤਤਾ ਤੇ ਆਤਮ-ਮੁਕਤੀ ਲਈ ਸੰਘਰਸ਼ਸ਼ੀਲ ਦਿਸਦੀ ਹੈ। ਮੁੰਡੇ ਦਾ ਸੰਦਰਭ ਪਿਤਰ-ਸੱਤਾਵਾਦੀ ਸੋਚ ਦੀ ਸੀਮਤਤਾ ਨੂੰ ਦਰਸਾਉਂਦਾ ਹੈ ਜਦਕਿ ਕੁੜੀ ਦਾ ਸ਼ੋਅ ਕੇਸ ਵਿੱਚੋਂ ਬੋਲਦੇ ਰਹਿਣਾ, ਇੱਕ ਪ੍ਰਤੀਕ ਵਜੋਂ ਨਾਰੀ ਦੀ ਅਵਾਜ਼, ਉਸ ਦੀ ਵਿਦਰੋਹੀ ਚੇਤਨਾ ਅਤੇ ਉਸ ਦੇ ਅਸਤਿਤਵ ਦੀ ਲਗਾਤਾਰ ਹਾਜ਼ਰੀ ਨੂੰ ਸਥਾਪਤ ਕਰਦਾ ਹੈ:

*ਕੁੜੀ ਕੱਚ ਦੀ ਬਣੀ ਹੋਈ ਸੀ*
*ਮੁੰਡਾ ਮਾਸ ਦਾ*
*ਕੁੜੀ ਨੇ ਮੁੰਡੇ ਵੱਲ ਵੇਖਿਆ*
*ਤੇ ਕੱਚ ਨੇ ਮਾਸ ਨੂੰ ਕਿਹਾ*
*ਮੈਨੂੰ ਸਾਲਮ ਦੀ ਸਾਲਮ ਨਿਗਲ ਜਾ*
*ਮੁੰਡੇ ਨੇ ਆਪਣੀ ਵੱਡੀ ਅੰਤੜੀ ਦੇ*
*ਛੋਟੇ ਹਾਜ਼ਮੇ ਬਾਰੇ ਸੋਚਿਆ*
*........*
*ਕੁੜੀ ਫਿਰ ਬੋਲੀ*
*"ਜੇ ਸੋਚਣਾ ਹੀ ਹੈ ਤਾਂ ਘਰ ਜਾ ਕੇ ਸੋਚ*
*ਸੜਕ ਤੇ ਤੇਰਾ ਕੀ ਕੰਮ*
*ਮੈਂ ਤਾਂ ਸ਼ੋਅ ਕੇਸ ਵਿੱਚ ਬੋਲਦੀ ਰਵਾਂਗੀ।"* [3]

ਮਨਜੀਤ ਟਿਵਾਣਾ ਦੀ ਕਾਵਿ-ਚੇਤਨਾ ਔਰਤ ਦੀ ਮੌਜੂਦਾ ਸਥਿਤੀ ਦੇ ਬਹੁ-ਪੱਖੀ ਕਾਰਨਾਂ ਦੀ ਗਹਿਰਾਈ ਨਾਲ ਪੜਤਾਲ ਕਰਦੀ ਹੈ। ਉਹ ਨਾਰੀ ਦੀ ਮਨੋਵਿਗਿਆਨਕ ਅਵਸਥਾ ਨੂੰ ਸਿਰਫ਼ ਸਤਹੀ ਪੱਧਰ 'ਤੇ ਨਹੀਂ, ਸਗੋਂ ਉਸ ਦੀਆਂ ਅੰਦਰੂਨੀ ਘਟਨਾਵਾਂ, ਦਬਾਵਾਂ ਅਤੇ ਸੰਘਰਸ਼ਾਂ ਦੀ ਤਹਿ ਤੱਕ ਉਤਰ ਕੇ ਵਿਸ਼ਲੇਸ਼ਣ ਕਰਦੀ ਹੈ। ਮਰਦ ਪ੍ਰਧਾਨ ਸਭਿਆਚਾਰ ਵਿੱਚ ਜਿੱਥੇ ਔਰਤ ਲਈ ਘਰ ਹੀ ਸਭ ਤੋਂ "ਸੁਰੱਖਿਅਤ" ਥਾਂ ਮੰਨੀ ਜਾਂਦੀ ਹੈ, ਟਿਵਾਣਾ ਉਸ ਘਰ ਨੂੰ ਹੀ ਔਰਤ ਲਈ ਬੇਗਾਨਗੀ ਅਤੇ ਘੁਟਨ ਦੇ ਸਰੋਤ ਵਜੋਂ ਪ੍ਰਗਟ ਕਰਦੀ ਹੈ। ਨਾਰੀ ਦੇ ਅੰਦਰਲੇ ਦੁਖਾਂਤ ਨੂੰ ਉਹ ਇਕ ਤਿੱਖੀ, ਵਿਯੋਗ-ਭਰੀ ਹੂਕ ਵਿੱਚ ਬਿਆਨ ਕਰਦੀ ਹੈ ਜੋ ਸਿਰਫ਼ ਇੱਕ ਵਿਅਕਤੀਗਤ ਦੁੱਖ ਨਹੀਂ ਸਗੋਂ ਸਦੀਆਂ ਤੋਂ ਦਬਾਈਆਂ ਗਈਆਂ ਔਰਤਾਂ ਦੇ ਸਮੂਹਿਕ ਅਨੁਭਵਾਂ ਦਾ ਸੰਕੇਤਕ ਰੂਪ ਹੈ। ਟਿਵਾਣਾ ਔਰਤ ਮਰਦ ਸਬੰਧ ਦੀ ਉਸ ਬਰਾਬਰੀ ਨੂੰ ਰੇਖਾਂਕਿਤ ਕਰਦੀ ਹੈ ਜਿਸ ਵਿੱਚ ਔਰਤ ਪੂਰਨ ਵਿਅਕਤਿਤਵ ਵਜੋਂ ਸਵੀਕਾਰ ਕੀਤੀ ਜਾਣ ਦੀ ਇੱਛਾਵਾਨ ਹੈ, ਨਾ ਕਿ ਆਪਾ ਵਿਹੂਣੀ ਜਾਂ ਅਸਤਿਤਵ-ਲੋਪ ਵੱਲ ਧੱਕੀ ਗਈ ਇਕ ਮੂਕ ਸੱਤਾ ਵਜੋਂ:

*ਔਰਤ ਮਰਦ ਅੰਦਰ ਡੁੱਬਣਾ ਨਹੀਂ ਚਾਹੁੰਦੀ*
*ਸਮਾਉਣਾ ਚਾਹੁੰਦੀ ਹੈ*
*ਡੋਬਣ ਤੇ ਸਮੋਣ ਦੀ ਗੱਲ*
*ਬੰਦੇ ਨੂੰ ਕਦੋਂ ਸਮਝ ਆਵੇਗੀ*
*ਇਸ ਦੀ ਆਵਾਜ਼ ਨੂੰ ਖੋਹ ਲਵੋ*
*ਕਿਉਂਕਿ ਇਸ ਦੀ ਆਵਾਜ਼ 'ਚ*
*ਅਣਗਿਣਤ ਔਰਤਾਂ ਦੀ ਚੀਕ*
*ਸੁਣਾਈ ਦਿੰਦੀ ਹੈ।* [4]

ਆਧੁਨਿਕਤਾ ਦੇ ਯੁੱਗ ਵਿੱਚ ਮਨੁੱਖੀ ਜੀਵਨ ਦਾ ਹਰੇਕ ਖੇਤਰ ਨਵੀਂ ਸੂਚਨਾ

ਤਕਨਾਲੋਜੀ ਦੀ ਰਫ਼ਤਾਰ ਅਤੇ ਸਮਾਜਕ ਪੁਨਰ- ਸੰਰਚਨਾ ਪ੍ਰਭਾਵ ਹੇਠ ਹੈ। ਅਜਿਹੇ ਸਮਾਜਕ ਬਦਲਾਅ ਵਿਚ ਔਰਤ ਨੇ ਸਿੱਖਿਆ, ਰੋਜ਼ਗਾਰ ਅਤੇ ਜੀਵਨ ਦੇ ਅਨੇਕਾਂ ਖੇਤਰਾਂ ਵਿੱਚ ਪ੍ਰਵੇਸ਼ ਕਰਕੇ ਇੱਕ ਨਵੀਂ ਪਛਾਣ ਅਤੇ ਸਥਿਤੀ ਹਾਸਲ ਕੀਤੀ ਹੈ। ਪ੍ਰਤੀਤ ਹੁੰਦਾ ਹੈ ਕਿ ਪਰੰਪਰਾਈ ਘਰੇਲੂ ਬੰਧਨ ਤੋਂ ਮੁਕਤ ਹੋ ਕੇ ਨਾਰੀ ਦੀ ਹਾਲਤ ਵਿੱਚ ਸੁਧਾਰ ਆਇਆ ਹੈ ਪਰੰਤੂ ਟਿਵਾਣਾ ਦੀ ਕਵਿਤਾ ਦੱਸਦੀ ਹੈ ਕਿ ਆਧੁਨਿਕਤਾ ਦਾ ਇਹ ਵਿਕਾਸ ਪੱਧਰ ਇਕ ਅਜਿਹੀ ਦੋਹਰੀ ਸਥਿਤੀ ਪੈਦਾ ਕਰਦਾ ਹੈ ਜਿਸ ਵਿੱਚ ਨਵੀਂ ਸਵੈ-ਚੇਤਨਾ ਦੇ ਨਾਲ-ਨਾਲ ਰਿਸ਼ਤਿਆਂ ਦੀ ਮਰਿਆਦਾ, ਕਦਰਾਂ-ਕੀਮਤਾਂ ਅਤੇ ਮਨੁੱਖੀ ਸਬੰਧਾਂ ਦੀ ਗਹਿਰਾਈ ਖੋਖਲੀ ਹੋਣ ਲੱਗਦੀ ਹੈ। ਮਨਜੀਤ ਟਿਵਾਣਾ ਮਨੁੱਖੀ ਰਿਸ਼ਤਿਆਂ ਦੇ ਫੋਕਲੇਪਨ ਅਤੇ ਆਧੁਨਿਕ ਸਮਾਜ ਵਿੱਚ ਸਦਾਚਾਰਕ ਮੁੱਲਾਂ ਦੇ ਬਜ਼ਾਰੀਕਰਨ ਨੂੰ ਸੰਵੇਦਨਸ਼ੀਲ ਢੰਗ ਨਾਲ ਉਜਾਗਰ ਕਰਦੀ ਹੈ। ਉਸ ਦੇ ਕਾਵਿ-ਸੰਗ੍ਰਹਿ 'ਉਨੀਂਦਾ ਵਰਤਮਾਨ' ਵਿੱਚ ਨਾਰੀ ਦੀ ਮੌਜੂਦਾ ਸਥਿਤੀ ਨੂੰ ਉਸ ਦੇ ਸਮੂਹਿਕ ਅਨੁਭਵਾਂ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿੰਡੋ ਸ਼ਾਪਿੰਗ, ਕੁੜੀਆਂ, ਕਰੁੱਤਾਂ ਆਦਿ ਨਜ਼ਮਾਂ ਆਧੁਨਿਕਤਾ ਦੇ ਦਬਾਅ ਹੇਠ ਬਣੇ ਸਮਾਜਕ-ਮਾਨਸਿਕ ਢਾਂਚੇ ਦੀ ਪੜਤਾਲ ਕਰਦੀਆਂ ਹਨ। ਜਿੱਥੇ ਨਾਰੀ ਖੁਦ ਇੱਕ ਭੋਗਵਾਦੀ ਸੰਸਕਾਰ ਦੀ ਭਾਗੀਦਾਰ ਅਤੇ ਪੀੜਤ, ਦੋਹਾਂ ਰੂਪਾਂ ਵਿੱਚ ਸਾਹਮਣੇ ਆਉਂਦੀ ਹੈ:

*ਕੁੜੀਆਂ ਸ਼ਾਮ ਨੂੰ ਸੈਰ ਕਰਦੀਆਂ*
*ਦੋਸਤੀ ਦੀ ਵਿੰਡੋ ਸ਼ਾਪਿੰਗ ਲਈ ਨਿਕਲ ਪੈਂਦੀਆਂ ਹਨ*
*ਕੋਈ ਮੁੰਡਾ ਸੂਟ ਦੇ ਪ੍ਰਿੰਟ ਵਾਂਗ ਵਧੀਆ ਲੱਗਦਾ ਹੈ*
*ਪਰ ਬੋਦੇ ਕਪੜੇ ਵਾਂਗ ਛੇਤੀ ਫਟ ਜਾਣ ਵਾਲਾ*
*ਕਿਸੇ ਦਾ ਰੰਗ ਵਧੀਆ ਲਗਦਾ ਹੈ*
*ਪਰ ਛੇਤੀ ਫਿਟ ਜਾਣ ਵਾਲਾ*
*ਕਿਸੇ ਦੇ ਸੁਭਾਅ ਦੀ ਟੈਕਸਚਰ ਚੰਗੀ ਲਗਦੀ ਹੈ*
*ਪਰ ਸਿੰਥੈਟਿਕ ਕੱਪੜੇ ਵਾਂਗ ਸਾਹ ਘੋਟਣ ਵਾਲਾ*
*ਕੋਈ ਰੇਅਰ ਪ੍ਰਿੰਟ ਜਿਹਾ, ਉਸ ਨੂੰ ਜੱਕਾਂ ਤੱਕਾਂ ਕਰਦੀ*
*ਇੰਨੇ ਨੂੰ ਕੋਈ ਹੋਰ ਖ਼ਰੀਦ ਲਿਜਾਂਦਾ ਹੈ।* [6]

ਮਨਜੀਤ ਟਿਵਾਣਾ ਆਪਣੀ ਕਵਿਤਾ ਵਿੱਚ ਸਮਾਜਕ ਨਿਯਮਾਂ, ਮਰਿਆਦਾਵਾਂ ਅਤੇ ਵਿਧਾਨਾਂ ਦੇ ਦਬਾਅ ਨੂੰ ਤਿੱਖੇ ਵਿਅੰਗ ਰਾਹੀਂ ਉਘਾੜਦੀ ਹੈ। ਉਹ ਦਰਸਾਉਂਦੀ ਹੈ ਕਿ ਕਿਵੇਂ ਇਹ ਨਿਯਮ ਔਰਤ ਦੀ ਸਵੈ-ਅਭਿਵਿਅਕਤੀ ਅਤੇ ਮਨੁੱਖੀ ਅਧਿਕਾਰਾਂ ਉੱਤੇ ਅਦਿੱਖ ਪਰ ਗੰਭੀਰ ਰੁਕਾਵਟਾਂ ਵਜੋਂ ਕਾਇਮ ਹਨ। ਭਾਵੇਂ ਟਿਵਾਣਾ ਨੇ ਪਿਆਰ ਅਤੇ ਮੁਹੱਬਤ ਦੇ ਵਿਸ਼ਿਆਂ ਨੂੰ ਬੜੀ ਸੰਵੇਦਨਾ ਨਾਲ ਚਿਤਰਿਆ ਹੈ ਪਰੰਤੂ ਉਸ ਦੀ ਕਵਿਤਾ ਵਿੱਚ ਪਿਆਰ ਦੇ ਰਿਸ਼ਤੇ ਵੀ ਉਹਨਾਂ ਸਮਾਜਕ ਨਿਯਮਾਂ ਦੀਆਂ ਕਸੌਟੀਆਂ 'ਤੇ ਖਰੇ-ਖੋਟੇ ਤੌਰ 'ਤੇ ਤੋਲੇ ਜਾਂਦੇ ਹਨ। ਉਹ ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਦੇ ਰਾਹ ਵਿੱਚ ਖੜ੍ਹੀਆਂ ਰੁਕਾਵਟਾਂ ਨੂੰ ਮਨੋਵਿਗਿਆਨਕ, ਸਮਾਜਕ ਅਤੇ ਸਭਿਆਚਾਰਕ ਤੈਹਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਅਭਿਵਿਅਕਤ ਕਰਦੀ ਹੈ।

ਦੀਵਾਰ ਅਤੇ ਇੱਕ ਕਿੱਸਾ ਵਰਗੀਆਂ ਕਵਿਤਾਵਾਂ ਵਿੱਚ ਉਹ ਇਹਨਾਂ ਰੁਕਾਵਟਾਂ ਨੂੰ ਕੇਵਲ ਰੂਪਕ ਤੱਕ ਸੀਮਤ ਨਹੀਂ ਰੱਖਦੀ ਸਗੋਂ ਇਕ ਵਿਸ਼ਾਲ ਸਮਾਜਕ-ਸੰਸਕ੍ਰਿਤਕ ਢਾਂਚੇ ਦੇ ਹਿੱਸਾ ਵਜੋਂ ਵੀ ਦਰਸਾਉਂਦੀ ਹੈ। ਟਿਵਾਣਾ ਮਨੁੱਖੀ ਰਿਸ਼ਤਿਆਂ ਦੀ ਗਤੀਵਿਧੀ ਨੂੰ ਸਮਝਣ ਲਈ ਇੱਕ ਮਨੋ-ਸਮਾਜਕ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ ਕਿ ਰਿਸ਼ਤਿਆਂ ਵਿੱਚ ਉਤਪੰਨ ਰੁਕਾਵਟਾਂ ਇੱਕ ਪ੍ਰਤੀਕਾਤਮਿਕ 'ਦੀਵਾਰ' ਦਾ ਰੂਪ ਧਾਰ ਲੈਂਦੀਆਂ ਹਨ, ਜਿਸ ਨੂੰ ਵੱਖ-ਵੱਖ ਧਿਰਾਂ ਵੱਖਰੇ ਢੰਗ ਰਾਹੀਂ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਪ੍ਰੇਮੀ ਉਸ ਨੂੰ ਤੋੜ ਕੇ ਭਾਵ ਟਕਰਾਅ ਦੇ ਮਾਧਿਅਮ ਨਾਲ ਅਤੇ ਪ੍ਰੇਮਿਕਾ ਉਸ ਨੂੰ ਟੱਪ ਕੇ ਭਾਵ ਅਣਦੇਖੀ ਰਾਹੀਂ ਖ਼ਤਮ ਕਰਨਾ ਚਾਹੁੰਦੀ ਹੈ । ਗ਼ੌਰ ਨਾਲ ਵੇਖਿਆ ਜਾਵੇ ਤਾਂ ਸੰਵਾਦ ਦੀ ਪ੍ਰਕਿਰਿਆ ਇਸ ਦੀਵਾਰ ਨੂੰ ਖ਼ਤਮ ਕਰਨ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਆਪਸੀ ਸੁਣਵਾਈ ਅਤੇ ਭਾਵਨਾਤਮਕ ਸਾਂਝ ਰੁਕਾਵਟਾਂ ਨੂੰ ਕਮਜ਼ੋਰ ਕਰ ਦਿੰਦੀ ਹੈ। ਹਾਲਾਂਕਿ ਸੰਘਰਸ਼ ਦੇ ਬਾਅਦ ਵੀ ਪਿਛਲੇ ਅਨੁਭਵਾਂ ਦਾ ਮਨੋਵਿਗਿਆਨਕ ਮਲਬਾ ਬਰਕਰਾਰ ਰਹਿੰਦਾ ਹੈ ਜੋ ਰਿਸ਼ਤਿਆਂ ਦੀ ਮੁੜ-ਸੰਰਚਨਾ ਅਤੇ ਭਰੋਸੇ ਦੀ ਪੁਨਰ-ਸਥਾਪਨਾ ਵਿੱਚ ਇੱਕ ਮਹੱਤਵਪੂਰਨ ਚੁਣੌਤੀ ਵਜੋਂ ਸਾਹਮਣੇ ਆਉਂਦਾ ਹੈ। ਇਸ ਤਰ੍ਹਾਂ ਟਿਵਾਣਾ ਨਾਰੀ ਦੀ ਮੌਜੂਦਾ ਬੇਵਸੀ ਹਾਲਤ ਅਤੇ ਉਸ ਦੇ ਮਨੋ-ਸੰਘਰਸ਼ ਨੂੰ ਪਿਆਰ ਦੇ ਕਾਵਿ-ਬਿੰਬਾਂ ਦੇ ਆਧਾਰ 'ਤੇ ਰੂਪਮਾਨ ਕਰਦੀ ਹੈ:

*ਉਹ ਬੜੀ ਦੇਰ ਦਾ*
*ਮੇਰੇ ਤੇ ਉਸ ਦੇ ਵਿਚਕਾਰ ਦੀ ਦੀਵਾਰ*
*ਤੋੜਨ ਦਾ ਸੋਚ ਰਿਹਾ ਸੀ*
*ਮੈਂ ਹਮੇਸ਼ਾ ਕੰਧ ਤੋੜਨ ਦੀ ਜਗ੍ਹਾ*
*ਟੱਪ ਕੇ ਪਹੁੰਚਣਾ ਸੋਚਦੀ ਸੀ*
*ਇੱਕ ਦਿਨ ਇਹ ਕੰਧ ਢਹਿ ਗਈ*
*ਜਦੋਂ ਅਸੀਂ ਕੰਧ ਨਾਲ ਕੰਨ ਲਗਾਈ*
*ਇੱਕ ਦੂਜੇ ਨੂੰ ਸੁਣ ਰਹੇ ਸੀ*
*ਕੰਧ ਢਹਿ ਗਈ ਹੁਣ*
*ਮਲਵੇ ਦੇ ਢੇਰ ਨੂੰ ਪਾਰ ਕਰਨਾ ਔਖਾ ਹੋ ਗਿਆ।* [7]

ਮਨਜੀਤ ਟਿਵਾਣਾ ਦੀ ਕਵਿਤਾ ਸਿਰਫ਼ ਨਾਰੀ ਦੇ ਮੌਜੂਦਾ ਸੰਤਾਪ, ਬੇਬਸੀ ਅਤੇ ਲਾਚਾਰੀ ਦੀ ਦਾਸਤਾਨ ਤੱਕ ਸੀਮਤ ਨਹੀਂ ਰਹਿੰਦੀ। ਇਸ ਦੇ ਉਲਟ ਉਹ ਸਮਾਜਕ ਅਤੇ ਆਰਥਿਕ ਪ੍ਰਬੰਧ ਉੱਤੇ ਤਿੱਖਾ ਵਿਅੰਗ ਕਰਦਿਆਂ ਹੋਇਆਂ ਵਿਰੋਧੀ ਪ੍ਰਵਚਨ ਵੀ ਸਿਰਜਦੀ ਹੈ। ਉਸ ਦੀ ਨਜ਼ਰ ਵਿੱਚ ਭਾਵੇਂ ਪਤੀ ਹੋਵੇ, ਪਰਿਵਾਰਕ ਸੰਕਲਪ ਹੋਵੇ ਜਾਂ ਵਿਸ਼ਾਲ ਸਮਾਜਕ ਨਿਯਮ ਜੋ ਔਰਤ ਨੂੰ ਲਾਚਾਰ, ਅਧੀਨ ਤੇ ਗ਼ੁਲਾਮ ਜੀਵਨ ਵੱਲ ਧੱਕਦੇ ਹਨ ਟਿਵਾਣਾ ਉਨ੍ਹਾਂ ਸਭ ਪ੍ਰਤੀ ਤਿੱਖੀ ਪ੍ਰਤੀਕ੍ਰਿਆ ਪ੍ਰਗਟ ਕਰਦੀ ਹੈ। ਉਸ ਦੀ ਕਵਿਤਾ ਵਿੱਚ ਉੱਭਰਦਾ ਵਿਦਰੋਹੀ ਸੁਰ ਨਾਰੀ ਦੇ ਚੇਤਨ ਅਤੇ ਅਚੇਤਨ ਮਨੋਵਿਗਿਆਨ ਨੂੰ ਹਿਲਾਉਂਦਾ ਹੈ ਅਤੇ ਉਸ ਦੀ ਅੰਦਰਲੀ ਸਵੈ-ਚੇਤਨਾ ਨੂੰ ਜਗਾਉਂਦਾ ਹੈ।

ਇਤਿਹਾਸ ਗਵਾਹ ਹੈ ਜਦੋਂ ਜ਼ੁਲਮ ਅਤੇ ਸ਼ੋਸ਼ਣ ਆਪਣੀ ਚਰਮ ਸੀਮਾ ਨੂੰ ਪਾਰ ਕਰ ਜਾਂਦੇ ਹਨ ਤਾਂ ਪੀੜਤ ਸਮੂਹ ਵਿੱਚ ਇੱਕ ਅਜਿਹੀ ਸਮੂਹਿਕ ਚੇਤਨਾ ਪੈਦਾ ਹੁੰਦੀ ਹੈ ਜੋ ਨਿਰਜੀਵ ਜਾਂ ਸ਼ਾਂਤ ਪਏ ਸਰੋਤਾਂ ਨੂੰ ਵੀ ਵਿਦਰੋਹ ਦੇ ਹਥਿਆਰ ਵਜੋਂ ਵਰਤਣ ਦੇ ਯੋਗ ਬਣਾ ਦਿੰਦੀ ਹੈ। ਜਿੱਥੇ ਬਾਹਰੀ ਦਬਾਅ ਅੰਦਰੂਨੀ ਸ਼ਕਤੀ ਦੇ ਰੂਪ ਵਿੱਚ ਤਬਦੀਲ ਹੋ ਜਾਂਦਾ ਹੈ। ਦੂਜੇ ਪਾਸੇ ਜਦੋਂ ਮਨੁੱਖ ਭਾਵਨਾਵਾਂ ਵਿਚ ਚਾਹੇ ਅੱਤ ਦਾ ਦੁਖੀ ਹੋਵੇ ਜਾਂ ਸੁਖੀ , ਉਹ ਆਪਣੇ ਸਧਾਰਨ ਪੱਧਰ ਤੋਂ ਉੱਪਰ ਉੱਠ ਜਾਂਦਾ ਹੈ ਤਾਂ ਵਿਅਕਤੀ ਦਾ ਆਤਮ-ਨਿਰਭਰਤਾ (Self-actualization) ਦਾ ਪੱਧਰ ਵਧ ਜਾਂਦਾ ਹੈ। ਅਜਿਹੀ ਸਥਿਤੀ ਵਿੱਚ 'ਇਕੱਲਤਾ' ਨਕਾਰਾਤਮਿਕ ਨਹੀਂ ਰਹਿੰਦੀ ਸਗੋਂ ਉਹ ਇੱਕ 'ਰਚਨਾਤਮਿਕ ਇਕਾਂਤ' ਵਿੱਚ ਬਦਲ ਜਾਂਦੀ ਹੈ। ਇਹ ਇਕਾਂਤ ਮਨੁੱਖ

ਨੂੰ ਮਾਨਸਿਕ ਤੌਰ 'ਤੇ ਇੰਨਾ ਸ਼ਕਤੀਸ਼ਾਲੀ ਬਣਾ ਦਿੰਦੀ ਹੈ ਕਿ ਉਹ ਸਮਾਜਕ ਸਹਾਰਿਆਂ ਤੋਂ ਮੁਕਤ ਹੋ ਕੇ ਆਪਣੀ ਅੰਦਰੂਨੀ ਤਾਕਤ ਨਾਲ ਔਖੇ ਹਾਲਾਤਾਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਇਸ ਪ੍ਰਸੰਗ ਵਿੱਚ 'ਚੇਤਾਵਨੀ' ਕਵਿਤਾ ਇੱਕ ਸਪਸ਼ਟ ਵਿਰੋਧੀ ਅਤੇ ਟਕਰਾਉਮੁਖੀ ਚੇਤਨਾ ਦੀ ਵਾਹਕ ਹੈ। ਗ਼ੌਰ ਕਰਨਯੋਗ ਗੱਲ ਇਹ ਹੈ ਕਿ ਟਿਵਾਣਾ ਤਿੱਖੇ ਵਿਅੰਗ ਅਤੇ ਵਿਰੋਧ ਦੇ ਬਾਵਜੂਦ ਆਪਣੀ ਰਚਨਾ ਨੂੰ ਨਿਰਾਸ਼ਾਵਾਦੀ ਧੁਨ ਤੱਕ ਨਹੀਂ ਲੈ ਜਾਂਦੀ। ਉਸ ਦੀ ਕਵਿਤਾ ਵਿੱਚ ਨਾਰੀ-ਅਸਤਿਤਵ ਪ੍ਰਤੀ ਇੱਕ ਆਸ਼ਾਵਾਦੀ ਸੰਭਾਵਨਾ ਅਤੇ ਸਕਾਰਾਤਮਿਕ ਦ੍ਰਿਸ਼ਟੀ ਮੌਜੂਦ ਰਹਿੰਦੀ ਹੈ। ਟਿਵਾਣਾ ਦੀ ਕਾਵਿ ਰਚਨਾ ਵਿੱਚ ਇਹ ਵਿਸ਼ਵਾਸ ਦਿਖਾਈ ਦਿੰਦਾ ਹੈ ਕਿ ਨਾਰੀ ਆਪਣੇ ਦੁੱਖਾਂ, ਤ੍ਰਾਸਦੀਆਂ ਅਤੇ ਅਮਾਨਵੀ ਅਨੁਭਵਾਂ ਦੀਆਂ ਹੱਦਾਂ ਤੋਂ ਪਾਰ ਹੋਣ ਦੇ ਯਤਨ ਵਿੱਚ ਇੱਕ ਨਵੀਂ ਤਾਕਤ ਅਤੇ ਅੰਦਰੂਨੀ ਸਵੈ-ਸ਼ਕਤੀ ਹਾਸਲ ਕਰਦੀ ਹੈ:

*ਜਦੋਂ ਜ਼ੁਲਮ ਹੱਦ ਟੱਪ ਜਾਏ*
*ਤਾਂ ਬੇਜਾਨ ਵਸਤੂਆਂ ਵਿੱਚ ਵੀ ਜਾਨ ਪੈ ਜਾਂਦੀ ਹੈ*
*ਜਦੋਂ ਦੁੱਖ-ਸੁੱਖ ਹੱਦ ਟੱਪ ਜਾਏ*
*ਤਾਂ ਇਕੱਲਤਾ ਵਿੱਚ ਵੀ ਤਾਕਤ ਆ ਜਾਂਦੀ ਹੈ।* [8]

ਉਪਰੋਕਤ ਅਧਿਐਨ ਬਾਅਦ ਤੋਂ ਕਹਿ ਸਕਦੇ ਹਾਂ ਕਿ ਮਨਜੀਤ ਟਿਵਾਣਾ ਦੀ ਕਾਵਿ-ਦ੍ਰਿਸ਼ਟੀ ਨਾਰੀ ਦੇ ਤ੍ਰਾਸਦਿਕ ਅਨੁਭਵਾਂ ਨੂੰ ਕੇਵਲ ਕਾਵਿ ਰੂਪ ਦੇ ਤੌਰ 'ਤੇ ਚਿਤਰਣ ਤੱਕ ਸੀਮਿਤ ਨਹੀਂ ਰਹਿੰਦੀ ਉਹ ਸਦੀਆਂ ਤੋਂ ਚੱਲੀਆਂ ਆ ਰਹੀਆਂ ਉਹਨਾਂ ਪਿੱਤਰ-ਸੱਤਾਕਾਰੀ ਪਰੰਪਰਾਵਾਂ ਅਤੇ ਸਭਿਆਚਾਰਕ ਨਿਯਮਾਂ ਦੀ ਵੀ ਗਹਿਰਾਈ ਨਾਲ ਪੜਤਾਲ ਅਤੇ ਨਿਖੇਧ ਕਰਦੀ ਹੈ ਜਿਨ੍ਹਾਂ ਨੇ ਨਾਰੀ ਨੂੰ ਦੁਜੈਲੇ ਦਰਜੇ ਤੱਕ ਸੀਮਤ ਕੀਤਾ ਹੈ। ਟਿਵਾਣਾ ਦੇ ਕਾਵਿ-ਚਿੰਤਨ ਦਾ ਕੇਂਦਰ ਤ੍ਰਾਸਦੀ ਦੀ ਪੜਤਾਲ ਨਹੀਂ ਸਗੋਂ ਉਸ ਤ੍ਰਾਸਦੀ ਤੋਂ ਪਰੇ ਇੱਕ ਸੰਭਾਵਨਾਮਈ ਭਵਿੱਖ ਦੀ ਖੋਜ ਅਤੇ ਨਾਰੀ-ਚੇਤਨਾ ਦੀ ਲਹਿਰ ਪੈਦਾ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਬਲਜੀਤ ਕੌਰ, ਵੀਹਵੀਂ ਸਦੀ ਦੀ ਪੰਜਾਬੀ ਕਵਿਤਾ: ਸਰੂਪ ਤੇ ਵਿਕਾਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007, ਪੰਨਾ: 283*
2. *ਮਨਜੀਤ ਟਿਵਾਣਾ, ਇਲਜ਼ਾਮ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1990, ਪੰਨਾ: 35*
3. *-ਉਹੀ-, ਪੰਨਾ: 19*
4. *ਮਨਜੀਤ ਟਿਵਾਣਾ, ਦਰਗਾਹ, ਨਵਯੁਗ ਪ੍ਰਕਾਸ਼ਨ, ਦਿੱਲੀ, 1995, ਪੰਨਾ: 16*
5. *ਡਾ. ਅੰਮ੍ਰਿਤਪਾਲ ਕੌਰ, ਵੀਹਵੀਂ ਸਦੀ ਦੀ ਪੰਜਾਬੀ ਕਵਿਤਾ, ਪਬਲੀਕੇਸ਼ਨਜ਼ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2005, ਪੰਨਾ: 102*
6. *ਮਨਜੀਤ ਟਿਵਾਣਾ, ਉਨੀਂਦਾ ਵਰਤਮਾਨ, (ਦੂਜਾ ਐਡੀਸ਼ਨ) ਨਵਯੁਗ ਪ੍ਰਕਾਸ਼ਨ, ਦਿੱਲੀ, 1991, ਪੰਨਾ: 16*
7. *-ਉਹੀ-, ਇਲਜ਼ਾਮ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1990, ਪੰਨਾ: 38*
8. *-ਉਹੀ-, ਉਨੀਂਦਾ ਵਰਤਮਾਨ, (ਦੂਜਾ ਐਡੀਸ਼ਨ) ਨਵਯੁਗ ਪ੍ਰਕਾਸ਼ਨ, ਦਿੱਲੀ, 1991, ਪੰਨਾ: 43*



## *Cite this Article-*

*ਡਾ. ਬੇਅੰਤ ਸਿੰਘ ਸਰਾਂ (Dr. Beant Singh Sran), ਮਨਜੀਤ ਟਿਵਾਣਾ ਕਾਵਿ ਵਿਚ ਨਾਰੀ ਚੇਤਨਾ (Manjeet Tiwana Kaavi Vich Nari Chetna), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 37-40.*

*Journal URL:* www.armaan.org.in

*DOI:* https://doi.org/10.64119/armaan.vol.4.issue1.07



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/